Chapter-6

Gurpreet Kaur

# 6 ਸ਼ੇਰ ਦਾ ਜਨਮ ਦਿਨ

ਇਸ ਪਾਠ ਵਿਚ ਸ਼ੇਰ ਦੇ ਜਨਮ-ਦਿਨ ਤੇ ਆਏ ਜਾਨਵਰਾਂ, ਸ਼ੇਰ ਦੇ ਕੇਕ ਕੱਟਣ, ਕੋਇਲ ਦੇ ਗੀਤ ਗਾਉਣ ਦਾ ਵਰਨਨ ਕੀਤਾ ਹੈ। ਇਹ ਵੀ ਦੱਸਿਆ ਹੈ ਕਿ ਅਸੀਂ ਕਮਜ਼ੋਰਾਂ ਨੂੰ ਤੰਗ ਕਰਾਂਗੇ ਤਾਂ ਉਸਦੀ ਆਹ ਇੱਕ ਦਿਨ ਸਾਨੂੰ ਜ਼ਰੂਰ ਲੱਗੇਗੀ।

ਅੱਜ ਜੰਗਲ਼ ਦੇ ਰਾਜੇ ਦਾ ਜਨਮ-ਦਿਨ ਸੀ। ਅੱਜ ਉਸ ਨੂੰ ਹੈਪੀ ਬਰਥ ਡੇ ਕਹਿਣ ਲਈ ਬਹੁਤ ਸਾਰੇ ਜਾਨਵਰ ਜਿਵੇਂ ਹਾਥੀ, ਬਘਿਆੜ, ਚੀਤੇ, ਰਿੱਛ, ਗੈਂਡੇ, ਲੂੰਮੜੀ ਆਏ ਹੋਏ ਸਨ। ਜਾਨਵਰਾਂ ਲਈ ਸ਼ੇਰ ਨੇ ਕਈ ਕਿਸਮ ਦੇ ਮਾਸ ਮੰਗਵਾ ਕੇ ਰੱਖੇ ਹੋਏ ਸਨ। ਇਨ੍ਹਾਂ ਵਿੱਚ ਜ਼ਿਆਦਾ ਹਿਰਨਾਂ ਦਾ ਹੀ ਮਾਸ ਸੀ। ਸਭ ਜਾਨਵਰ ਹਿਰਨ ਦਾ ਮਾਸ ਖਾਣ ਲਈ ਕਾਹਲ਼ੇ ਸਨ। ਸ਼ੇਰ ਨੇ ਜਲਦੀ ਨਾਲ਼ ਕੇਕ ਕੱਟਿਆ। ਸਭ ਨੇ ਤਾੜੀਆਂ ਮਾਰ ਕੇ ਉਸ ਨੂੰ ਹੈਪੀ ਬਰਥ ਡੇ ਕਿਹਾ। ਕੋਇਲ ਜੋ ਉਸ ਵੇਲ਼ੇ ਦਰੱਖ਼ਤ ਤੇ ਬੈਠੀ ਸੀ, ਗੀਤ ਗਾਉਣ ਲੱਗੀ, "ਹੈਪੀ ਬਰਥ ਡੇ ਟੂ ਯੂ, ਹੈਪੀ ਬਰਥ ਡੇ ਟੂ ਯੂ।"



ਕੋਇਲ ਦੇ ਗੀਤ ਨੇ ਉੱਥੇ ਰੰਗ ਬੰਨ੍ਹ ਦਿੱਤਾ। ਹੁਣ ਸਾਰੇ ਜਾਨਵਰ ਖਾਣ-ਪੀਣ ਵੱਲ ਹੋਏ। ਉਨ੍ਹਾਂ ਨੇ ਹਿਰਨ, ਬੱਕਰੀ, ਭੇਡ ਦਾ ਮਾਸ ਚਟਕਾਰੇ ਮਾਰ-ਮਾਰ ਕੇ ਖਾਧਾ। ਹਾਥੀ ਕਿਉਂਕਿ ਸ਼ਾਕਾਹਾਰੀ ਜਾਨਵਰ ਸੀ, ਇਸ ਲਈ ਉਸ ਵਾਸਤੇ ਫ਼ਲ-ਫਰੂਟ ਤੇ ਹੋਰ ਕਈ ਚੀਜ਼ਾਂ ਮੰਗਵਾਈਆਂ ਗਈਆਂ ਸਨ। ਹਾਥੀ ਵੀ ਖ਼ੁਸ਼ ਸੀ।

ਪਤਾ ਨਹੀਂ ਕੀ ਹੋਇਆ, ਮਾਸ ਖਾਂਦੇ ਹੀ ਸਾਰੇ ਜਾਨਵਰ ਉਲਟੀਆਂ ਕਰਨ ਲੱਗੇ। ਸ਼ੇਰ ਆਪ



ਵੀ ਉਲਟੀਆਂ ਤੇ ਉਲਟੀਆਂ ਕਰ ਰਿਹਾ ਸੀ। ਉਨ੍ਹਾਂ ਨੂੰ ਉਲਟੀਆਂ ਕਰਦੇ ਦੇਖ ਕੇ ਸ਼ੇਰਨੀ ਬੋਲੀ, "ਹੋਰ ਕਰੋ ਜੀਵਾਂ ਨੂੰ ਤੰਗ। ਇਹ ਉਨ੍ਹਾਂ ਭੋਲ਼ੇ-ਭਾਲ਼ੇ ਜੀਵਾਂ ਦੀ ਹੀ ਆਹ ਹੈ ਜੋ ਤੁਸੀਂ ਸਾਰੇ ਬਿਮਾਰ ਹੋ ਗਏ ਹੋ।"

"ਪਰ ਅਸੀਂ ਤਾਂ ਭੁੱਖੇ ਮਰ ਜਾਵਾਂਗੇ ਜੇ ਸ਼ਿਕਾਰ ਨਹੀਂ ਕਰਾਂਗੇ।" ਸ਼ੇਰ ਬੋਲਿਆ।

"ਸ਼ਿਕਾਰ ਕਰਨਾ ਹੈ ਤਾਂ ਆਪਣੇ ਵਰਗੇ ਤਾਕਤਵਰਾਂ ਦਾ ਕਰੋ। ਇਨ੍ਹਾਂ ਗ਼ਰੀਬਾਂ ਨੂੰ ਤੰਗ ਕਿਉਂ ਕਰਦੇ ਹੋ?" ਯਾਦ ਰੱਖੋ ਰਾਜਾ ਉਹੀ ਹੁੰਦਾ ਹੈ ਜੋ ਆਪਣੀ ਪਰਜਾ ਦੀ ਰਖਵਾਲੀ ਕਰੇ ਨਾ ਕਿ ਪਰਜਾ ਨੂੰ ਹੀ ਖਾਣ ਲੱਗ ਜਾਵੇ।"

ਸ਼ੇਰ ਨੂੰ ਸ਼ੇਰਨੀ ਦੀ ਗੱਲ ਸਮਝ ਆ ਗਈ ਸੀ। ਉਸ ਨੇ ਉਸ ਦਿਨ ਤੋਂ ਕਮਜ਼ੋਰਾਂ ਨੂੰ ਤੰਗ ਨਾ ਕਰਨ ਦੀ ਸਹੁੰ ਖਾਧੀ ਤੇ ਬਾਕੀ ਜਾਨਵਰਾਂ ਨੂੰ ਤੰਗ ਨਾ ਕਰਨ ਲਈ ਸਖ਼ਤੀ ਨਾਲ਼ ਕਿਹਾ। ਸ਼ੇਰ ਦਾ ਫ਼ੈਸਲਾ ਸੁਣ ਕੇ ਉਸ ਦਿਨ ਜੰਗਲ ਦੇ ਕਮਜ਼ੋਰ ਵਰਗ ਦੇ ਜਾਨਵਰਾਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ।

## ਔਖੇ ਸ਼ਬਦਾਂ ਦੇ ਅਰਥ

| ਸ਼ਬਦ | ਅਰਥ | ਸ਼ਬਦ | ਅਰਥ |
|---|---|---|---|
| ਕਾਹਲੇ | ਉਤਾਵਲੇ, ਤੇਜ਼ | ਰੰਗ ਬੰਨ੍ਹ ਦੇਣਾ | ਖ਼ੂਬ ਰੌਣਕ ਲੱਗਣੀ |
| ਚਟਕਾਰੇ ਮਾਰ ਕੇ | ਸੁਆਦ ਨਾਲ | ਸ਼ਾਕਾਹਾਰੀ | ਜੋ ਮਾਸ ਨਾ ਖਾਂਦਾ ਹੋਵੇ |
| ਆਹ ਲੱਗਣੀ | ਬਦਦੁਆ ਲੱਗਣੀ | | |
| ਸ਼ਿਕਾਰ | ਜਾਨਵਰਾਂ ਦਾ ਸ਼ਿਕਾਰ ਕੀਤਾ ਹੋਇਆ ਮਾਸ। | | |
| ਖ਼ੁਸ਼ੀ ਦੀ ਲਹਿਰ ਦੌੜ ਗਈ | ਸਭ ਪਾਸੇ ਖ਼ੁਸ਼ੀ ਛਾ ਗਈ। | | |

Class- V (Punjabi)

# ਅਭਿਆਸ

## ਮੌਖਿਕ

### ਯਾਦ ਰੱਖਣ ਲਈ ਜ਼ਰੂਰੀ ਗੱਲਾਂ

1. ਸ਼ੇਰ ਜੰਗਲ ਦਾ ਰਾਜਾ ਅਖਵਾਉਂਦਾ ਹੈ।
2. ਸ਼ੇਰ ਇਕ ਖੂੰਖਾਰ ਜਾਨਵਰ ਹੈ।
3. ਸ਼ੇਰ ਜਾਨਵਰਾਂ ਦਾ ਮਾਸ ਖਾ ਕੇ ਹੀ ਜਿਉਂਦਾ ਰਹਿ ਸਕਦਾ ਹੈ।
4. ਬੱਚਿਆਂ ਵਾਂਗ ਜਾਨਵਰ ਵੀ ਆਪਣਾ ਜਨਮ-ਦਿਨ ਮਨਾਉਂਦੇ ਹਨ।

### ਬਹੁ-ਵਿਕਲਪੀ ਪ੍ਰਸ਼ਨ

ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਹੇਠਾਂ ਦਿੱਤੇ ਖਾਨਿਆਂ ਵਿੱਚ ਟਿੱਕ (✓) ਕਰੋ—

(ੳ) ਅੱਜ ਸ਼ੇਰ ਦਾ ਕੀ ਸੀ?

ਮੰਗਣਾ ☐ ਵਿਆਹ ☐ ਜਨਮ-ਦਿਨ ☑

(ਅ) ਸ਼ੇਰ ਦੇ ਜਨਮ-ਦਿਨ ਤੇ ਗੀਤ ਕਿਸ ਨੇ ਗਾਇਆ?

ਕਾਂ ਨੇ ☐ ਕੋਇਲ ਨੇ ☑ ਤੋਤੇ ਨੇ ☐

(ੲ) ਹਾਥੀ ਕੀ ਨਹੀਂ ਖਾਂਦਾ?

ਫ਼ਲ-ਫਰੂਟ ☐ ਮਾਸ ☑ ਚਾਰਾ ☐

(ਸ) ਰਾਜੇ ਨੂੰ ਕਿਸ ਦੀ ਰਖਵਾਲੀ ਕਰਨੀ ਚਾਹੀਦੀ ਹੈ?

ਪਰਜਾ ਦੀ ☑ ਸਿਪਾਹੀਆਂ ਦੀ ☐ ਜਾਨਵਰਾਂ ਦੀ ☐

## ਲਿਖਤੀ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ—

(ੳ) ਸ਼ੇਰ ਦੇ ਘਰ ਕਿਹੜੇ-ਕਿਹੜੇ ਜਾਨਵਰ ਆਏ ਸਨ?

→ ਹਾਥੀ, ਬਘਿਆੜ, ਚੀਤੇ, ਰਿੱਛ, ਗੈਂਡੇ ਅਤੇ ਲੂੰਮੜੀ।

(ਅ) ਜਾਨਵਰ ਕਿਨ੍ਹਾਂ-ਕਿਨ੍ਹਾਂ ਦਾ ਮਾਸ ਖਾਣ ਲੱਗੇ?

ਹਿਰਨ, ਬੱਕਰੀ ਅਤੇ ਭੇਡ।

(ੲ) ਸ਼ੇਰ ਮਾਸ ਖਾ ਕੇ ਕੀ ਕਰਨ ਲੱਗਾ ?

→ ਉਲਟੀਆਂ ਕਰਨ ਲੱਗਾ ।

(ਸ) ਸ਼ੇਰਨੀ ਨੇ ਸ਼ੇਰ ਨੂੰ ਕਿਹੋ ਜਿਹੇ ਜਾਨਵਰਾਂ ਦਾ ਸ਼ਿਕਾਰ ਕਰਨ ਲਈ ਕਿਹਾ।

→ ਸ਼ੇਰਨੀ ਨੇ ਸ਼ੇਰ ਨੂੰ ਉਸਦੇ ਵਰਗੇ ਤਾਕਤਵਰ ਜਾਨਵਰਾਂ ਦਾ ਸ਼ਿਕਾਰ ਕਰਨ ਲਈ ਕਿਹਾ।

2. ਹੇਠਾਂ ਦਿੱਤੇ ਸ਼ਬਦਾਂ ਦੀ ਵਾਕਾਂ ਵਿੱਚ ਵਰਤੋਂ ਦੇਖੋ ਤੇ ਕਰੋ—

| ਸ਼ਬਦ | | ਵਾਕ |
|---|---|---|
| 1) ਜਾਨਵਰ | – | ਸ਼ੇਰ ਇੱਕ ਖ਼ੂੰਖਾਰ ਜਾਨਵਰ ਹੈ। |
| 2) ਮਾਸ | – | ਜਾਨਵਰਾਂ ਨੇ ਮਾਸ ਖਾਧਾ । |
| 3) ਹਿਰਨ | – | ਹਿਰਨ ਸ਼ਾਕਾਹਾਰੀ ਜਾਨਵਰ ਹੈ । |
| 4) ਉਲਟੀਆਂ | – | ਸ਼ੇਰ ਉਲਟੀਆਂ ਕਰਨ ਲੱਗਾ । |
| 5) ਪਰਜਾ | – | ਰਾਜੇ ਨੂੰ ਪਰਜਾ ਦੀ ਰਖਵਾਲੀ ਕਰਨੀ ਚਾਹੀਦੀ ਹੈ। |

3. ਸਾਹਮਣੇ ਦਿੱਤੇ ਸ਼ਬਦਾਂ ਵਿੱਚੋਂ ਠੀਕ ਸ਼ਬਦ ਚੁਣੋ ਤੇ ਖ਼ਾਲੀ ਥਾਂ ਭਰੋ—

(ੳ) ਸ਼ੇਰ ਬੜਾ ਖ਼ੂੰਖਾਰ ਜਾਨਵਰ ਹੁੰਦਾ ਹੈ। (ਸ਼ਰੀਫ/ਖ਼ੂੰਖਾਰ)

(ਅ) ਸ਼ੇਰ ਨੇ ਜਲਦੀ ਨਾਲ਼ ਕੇਕ ਕੱਟਿਆ। (ਕੇਕ/ਹਿਰਨ)

(ੲ) ਹਾਥੀ ਇੱਕ ਸ਼ਾਕਾਹਾਰੀ ਜਾਨਵਰ ਹੈ। (ਮਾਸਾਹਾਰੀ/ਸ਼ਾਕਾਹਾਰੀ)

(ਸ) ਰਾਜਾ ਆਪਣੀ ਪਰਜਾ ਦਾ ਰਖਵਾਲਾ ਹੁੰਦਾ ਹੈ। (ਪਰਜਾ/ਦਰਬਾਰ)

4. ਹੇਠਾਂ ਦਿੱਤੇ ਸ਼ਬਦ ਕਿਸ ਨੇ, ਕਿਸ ਨੂੰ ਬੋਲੇ—

(ੳ) "ਹੋਰ ਕਰੋ ਜੀਵਾਂ ਨੂੰ ਤੰਗ। ਇਹ ਉਨ੍ਹਾਂ ਭੋਲ਼ੇ-ਭਾਲ਼ੇ ਜੀਵਾਂ ਦੀ ਹੀ ਆਹ ਹੈ ਜੋ ਤੁਸੀਂ ਸਾਰੇ ਬਿਮਾਰ ਹੋ ਗਏ ਹੋ।"

→ ਸ਼ੇਰਨੀ ਨੇ ਸਾਰੇ ਜਾਨਵਰਾਂ ਨੂੰ ਕਿਹਾ ।

(ਅ) "ਪਰ ਅਸੀਂ ਤਾਂ ਭੁੱਖੇ ਮਰ ਜਾਵਾਂਗੇ ਜੇ ਸ਼ਿਕਾਰ ਨਹੀਂ ਕਰਾਂਗੇ।"

→ ਸ਼ੇਰ ਨੇ ਸ਼ੇਰਨੀ ਨੂੰ ਕਿਹਾ ।

(ੲ) "ਸ਼ਿਕਾਰ ਕਰਨਾ ਹੈ ਤਾਂ ਆਪਣੇ ਵਰਗੇ ਤਾਕਤਵਰਾਂ ਦਾ ਕਰੋ। ਇਨ੍ਹਾਂ ਗ਼ਰੀਬਾਂ ਨੂੰ ਤੰਗ ਕਿਉਂ ਕਰਦੇ ਹੋ?"

→ ਸ਼ੇਰਨੀ ਨੇ ਸ਼ੇਰ ਨੂੰ ਕਿਹਾ ।

## ਵਿਆਕਰਨ

1. **ਬਹੁ-ਵਿਕਲਪੀ ਪ੍ਰਸ਼ਨ—**

(ੳ) 'ਸ਼ੇਰ' ਸ਼ਬਦ ਦਾ ਲਿੰਗ ਚੁਣੋ—

ਸ਼ੇਰਨੀ ☑ ਸ਼ੇਰੀ ☐

(ਅ) 'ਤਾੜੀ' ਦਾ ਵਚਨ ਚੁਣੋ—

ਤਾੜ ☐ ਤਾੜੀਆਂ ☑

(ੲ) ਜਨਮ-ਦਿਨ ਦਾ ਉਲਟਾ ਸ਼ਬਦ ਚੁਣੋ—

ਮਰਨ-ਦਿਨ ☑ ਵਿਆਹ-ਦਿਨ ☐

(ਸ) ਸ਼ੁੱਧ ਸ਼ਬਦ ਜੋੜ ਚੁਣੋ—

ਉਲਟੀ ☑ ਅੁਲਟੀ ☐

2. **ਹੇਠਾਂ ਦਿੱਤੇ ਸ਼ਬਦਾਂ ਦੇ ਸ਼ੁੱਧ ਸ਼ਬਦ-ਜੋੜ ਲਿਖੋ—**

| ਅਸ਼ੁੱਧ | ਸ਼ੁੱਧ | ਅਸ਼ੁੱਧ | ਸ਼ੁੱਧ |
|---|---|---|---|
| 1) ਅਜ | — ਅੱਜ | 4) ਖਾਨ-ਪੀਨ | — ਖਾਣ-ਪੀਣ |
| 2) ਕੋਈਲ | — ਕੋਇਲ | 5) ਖੁਸੀ | — ਖੁਸ਼ੀ |
| 3) ਹਾਥਿ | — ਹਾਥੀ | | |

## ਰਚਨਾਤਮਕ ਗਤੀਵਿਧੀਆਂ

1. **ਤੁਸੀਂ ਆਪਣੇ ਜਨਮ-ਦਿਨ ਤੇ ਕੀ-ਕੀ ਕਰਦੇ ਹੋ, ਪੰਜ ਵਾਕ ਲਿਖੋ।**

(1) ਦੋਸਤਾਂ ਅਤੇ ਪਰਿਵਾਰ ਨਾਲ ਖੁਸ਼ੀ ਮਨਾਉਂਦੇ ਹਾਂ।

(2) ਕੇਕ ਕੱਟਦੇ ਹਾਂ।

(3) ਸਭ ਨਾਲ ਮਿਲਕੇ ਖੇਡਦੇ ਅਤੇ ਮਨੋਰੰਜਨ ਕਰਦੇ ਹਾਂ।

### ਅਧਿਆਪਕਾਂ ਲਈ

ਅਧਿਆਪਕ ਵਿਦਿਆਰਥੀਆਂ ਨੂੰ ਦੱਸਣ ਕਿ ਜਾਨਵਰ ਬੰਦਿਆਂ ਵਾਂਗ ਖ਼ੁਸ਼ੀਆਂ ਦੇ ਸਮਾਗਮ ਕਰਦੇ ਹਨ ਪਰ ਸਾਨੂੰ ਪਤਾ ਨਹੀ ਲਗਦਾ। ਖ਼ੁਸ਼ੀ ਮਨਾਉਣ ਦਾ ਹਰੇਕ ਨੂੰ ਹੱਕ ਹੈ।